**ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਵੱਲੋ ਪਿੰਡ ਪਰਜੀਆਂ ਬਿਹਾਰੀਪੁਰ ਅਤੇ ਮਧੇਪੁਰ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ, ਪੰਜਾਬ ਵਿਖੇ 51 ਹੈਕਟੇਅਰ ਰਕਬੇ ਵਿੱਚੋ 3,39,428 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਰੇਤ ਮਾਈਨਿੰਗ ਕਰਨ ਲਈ ਲਗਾਈ ਅਰਜੀ ਸਬੰਧੀ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਹੋਈ ਜਨਤਕ ਸੁਣਵਾਈ ਦੀ ਕਾਰਵਾਈ।**

ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1) ਸ੍ਰੀ ਗੁਰਬੀਰ ਸਿੰਘ ਕੋਹਲੀ,
ਉਪ-ਮੰਡਲ ਮਜਿਸਟ੍ਰੇਟ,
ਜਗਰਾਓ।

2) ਇੰਜੀ: ਰਾਜਪਾਲ ਗਿੱਲ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

3) ਸ੍ਰੀ ਰਾਜਵੀਰ ਸਿੰਘ,
ਫੰਕਸ਼ਨਲ ਮੈਨੇਜਰ,
ਜ਼ਿਲ੍ਹਾ ਉਦਯੋਗਿਕ ਕੇਂਦਰ,
ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ —3, ਲੁਧਿਆਣਾ ਨੇ ਸੁਪਰਵਾਈਜ਼ਿੰਗ—ਕਮ—ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਪਿੰਡਾਂ ਤੋ ਆਏ ਲੋਕਾ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਦੁਆਰਾ ਪਰਜੀਆਂ ਬਿਹਾਰੀਪੁਰ ਅਤੇ ਮਧੇਪੁਰ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ ਦਰਿਆ ਵਿੱਚੋਂ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ, ਉਨ੍ਹਾਂ ਨੇ ਹਰਮਨਪ੍ਰੀਤ ਕੋਰ, ਕੰਨਸਲਟੈਂਟ, ਮੈਸਰਜ਼ ਈਕੋ ਪਰਿਆਵਰਨ ਲੈਬਾਰਟਰੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਿਟੇਡ ਨੂੰ ਪ੍ਰਾਜੈਕਟ ਬਾਰੇ ਸੰਖੇਪ ਜਾਣਕਾਰੀ ਦੇਣ ਬਾਰੇ ਕਿਹਾ। ਹਰਮਨਪ੍ਰੀਤ ਕੋਰ, ਕੰਨਸਲਟੈਂਟ, ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:—

- ਸਾਈਟ ਦਾ ਕੁੱਲ ਰਕਬਾ 51 ਹੈਕਟੇਅਰ ਹੈ ਅਤੇ ਇਸ ਵਿੱਚੋਂ ਪ੍ਰਸਤਾਵਿਤ ਮਾਈਨਿੰਗ ਦਾ ਰਕਬਾ 30.4 ਹੈਕਟੇਅਰ ਪਿੰਡ ਪਰਜੀਆਂ ਬਿਹਾਰੀਪੁਰ ਦਾ ਹੈ ਅਤੇ 20.6 ਹੈਕਟੇਅਰ ਪਿੰਡ ਮਾਧੇਪੁਰ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ ਦਾ ਹੈ।
- ਰੇਤ ਦੀ ਖੁਦਾਈ ਤਿੰਨ ਸਾਲਾਂ ਵਿੱਚ ਕੀਤੀ ਜਾਵੇਗੀ ਅਤੇ ਰੇਤ ਦੀ ਖੁਦਾਈ ਦੀ ਸਮਰੱਥਾ 5,20,475 ਟੀ.ਪੀ.ਏ. ਹੈ। ਪਿੰਡ ਪਰਜੀਆਂ ਬਿਹਾਰੀਪੁਰ ਵਿੱਚ 30.40 ਹੈਕਟੇਅਰ ਖੇਤਰ ਵਿੱਚੋਂ 3,39,428 ਟੀ.ਪੀ.ਏ. ਰੇਤ ਦੀ ਮਾਈਨਿੰਗ ਕੀਤੀ ਜਾਵੇਗੀ ਅਤੇ ਪਿੰਡ ਮਧੇਪੁਰ ਵਿੱਚ 20.6 ਹੈਕਟੇਅਰ ਖੇਤਰ ਵਿੱਚੋਂ 1,81,047 ਟੀ.ਪੀ.ਏ. ਰੇਤ ਦੀ ਮਾਈਨਿੰਗ ਕੀਤੀ ਜਾਵੇਗੀ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1537 ਮਿਤੀ 22 ਸਤੰਬਰ 2023 ਦੁਆਰਾ ਜਾਰੀ ਕੀਤਾ ਗਿਆ ਹੈ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੇ ਤਹਿਤ ਕੀਤੀ ਜਾ ਰਹੀ ਹੈ।
- ਕੋਈ ਵਾਈਲਡ ਲਾਈਫ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਿਹਾਸਿਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ ਹੈ।
- ਮਾਈਨਿੰਗ ਲਈ ਮਸ਼ੀਨਰੀ ਦੀ ਵਰਤੋ ਕੀਤੀ ਜਾਵੇਗੀ ਅਤੇ ਮਾਈਨਿੰਗ ਲਈ 11 ਐਕਸੈਵੇਟਰਾਂ (0.9 $m^3$ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ) ਦੀ ਵਰਤੋਂ ਕੀਤੀ ਜਾਵੇਗੀ। ਨੇੜੇ ਦੇ ਪਿੰਡਾਂ ਤੋਂ ਹੁਨਰਮੰਦ/ਅਰਧ-ਹੁਨਰਮੰਦ/ਅਣ-ਹੁਨਰਮੰਦ ਕਾਮੇ ਰੱਖੇ ਜਾਣਗੇ। ਮਾਈਨਿੰਗ ਸਿਰਫ ਦਿਨ ਵੇਲੇ ਹੀ ਕੀਤੀ ਜਾਵੇਗੀ।
- ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 44 ਟਿਪਰਾ ਦੀ ਵਰਤੋ ਕੀਤੀ ਜਾਵੇਗੀ। ਆਵਾਜਾਈ ਵਾਲੇ ਰਸਤੇ ਉੱਪਰ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ ।
- ਪ੍ਰੋਜੈਕਟ ਦੀ ਕੁੱਲ ਲਾਗਤ 23.85 ਕਰੋੜ ਹੈ, ਜਿਸ ਵਿੱਚੋਂ 23.42 ਲੱਖ ਰੁਪਏ ਪ੍ਰੋਜੈਕਟ ਖੇਤਰ ਦੇ ਆਲੇ ਦੁਆਲੇ ਗ੍ਰੀਨ ਬੈਲਟ ਦੇ ਵਿਕਾਸ ਲਈ ਰਾਖਵੇਂ ਰੱਖੇ ਗਏ ਹਨ।
- ਪ੍ਰੋਜੈਕਟ ਵਿੱਚ ਪਾਣੀ ਦੀ ਕੁੱਲ ਲਾਗਤ 6.0 ਕਿਲੋ ਲੀਟਰ ਪ੍ਰਤੀ ਦਿਨ ਹੈ, ਜਿਸ ਵਿੱਚੋਂ 3.10 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਛਿੜਕਾਅ ਲਈ ਅਤੇ 2.90 ਕਿਲੋ ਲੀਟਰ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾਂ ਲਈ ਵਰਤਿਆ ਜਾਵੇਗਾ।
- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਪੰਜ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਚੈਕਿੰਗ ਕੀਤੀ ਗਈ ਹੈ ਜਿਸ ਮੁਤਾਬਿਕ ਪੀਐਮ 10, ਪੀਐਮ 2.5, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਨਿਰਧਾਰਤ ਮਾਪਦੰਡਾ ਦੇ ਅੰਦਰ ਪਾਈ ਗਈ ਹੈ।
- ਖੇਤਰ ਦੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਅਨੁਸਾਰ, ਧਰਤੀ ਹੇਠਲੇ ਪਾਣੀ ਵਿੱਚ ਕੋਈ ਧਾਤੂ ਅਤੇ ਬੈਕਟੀਰੀਆ ਦਾ ਪ੍ਰਦੂਸ਼ਣ ਨਹੀ ਪਾਇਆ ਗਿਆ ਹੈ, ਹਾਲਾਂਕਿ, ਸਰਫੇਸ ਪਾਣੀ ਵਿੱਚ ਬੈਕਟੀਰੀਆ ਦਾ ਦੂਸ਼ਣ ਪਾਇਆ ਗਿਆ ਹੈ!

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.9.2006 ਦੇ

ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਿੱਤੇ ਗਏ ਜਵਾਬ ਨੂੰ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤਾ ਜਾਵੇਗਾ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ —ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਇਸ ਤੋਂ ਬਾਅਦ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ / ਸਪਸ਼ਟੀਕਰਨ ਦਾ ਵੇਰਵਾ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਦਿੱਤੇ ਗਏ ਜਵਾਬ ਇਸ ਪ੍ਰਕਾਰ ਹਨ:

1. **ਸ੍ਰੀ ਸਰਬਜੀਤ ਸਿੰਘ, ਵਾਸੀ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਮਾਈਨਿੰਗ ਦੀਆਂ ਸ਼ਰਤਾਂ ਲਾਗੂ ਨਹੀਂ ਹੁੰਦੀਆਂ ਅਤੇ ਸਕੂਲੀ ਬੱਚਿਆ ਦੀ ਸੁਰੱਖਿਆ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ ਹੈ। ਰੇਤ ਖੱਡ ਚੱਲਣ ਉੱਪਰ ਕੋਈ ਇਤਰਾਜ਼ ਨਹੀਂ ਹੈ ਪਰ ਨਿਯਮ ਲਾਗੂ ਹੋਣੇ ਚਾਹੀਦੇ ਹਨ। ਦਰਿਆ ਵਿੱਚ ਹੜ੍ਹ ਆਉਣ ਕਾਰਨ ਮਾਲਕੀ ਜ਼ਮੀਨਾਂ ਬਰਬਾਦ ਹੋ ਗਈਆਂ ਸਨ ਅਤੇ ਅਜੇ ਤੱਕ ਮੁਆਵਜ਼ਾ ਨਹੀਂ ਮਿਲਿਆ ਹੈ। ਦਰਿਆ ਦੇ ਬੰਨ੍ਹ / ਰੋਕਾਂ ਲਗਾਈਆਂ ਜਾਣ ਅਤੇ ਹੜ੍ਹ ਕਾਰਨ ਮਾਲਕੀ ਜ਼ਮੀਨਾਂ ਵਿੱਚ ਇਕੱਠੀ ਹੋਈ ਰੇਤਾ ਚੱਕਣ ਦੀ ਇਜ਼ਾਜ਼ਤ ਦਿੱਤੀ ਜਾਵੇ ਭਾਵੇਂ ਕਿ ਉਸ ਦੀ ਪਰਚੀ ਕੋਈ ਵੀ ਕੱਟੇ। ਪਿੰਡ ਦੀ ਸੜਕ 18 ਫੁੱਟ ਚੌੜੀ ਕੀਤੀ ਜਾਵੇ ਤਾਂ ਜੋ ਆਮ ਜਨਤਾ ਨੂੰ ਲੰਘਣ ਵਿੱਚ ਕੋਈ ਦਿੱਕਤ ਨਾ ਆਵੇ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਜਿੰਨੇ ਵੀ ਮਾਈਨਿੰਗ ਨਾਲ ਸੰਬੰਧਤ ਰੂਲ ਹਨ, ਸਭ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਜੇਕਰ ਟਿੱਪਰਾਂ ਦੀ ਉਵਰ-ਲੋਡਿੰਗ ਹੁੰਦੀ ਹੈ ਤਾਂ ਵਿਭਾਗ ਨੂੰ ਤੁਰੰਤ ਸੂਚਿਤ ਕੀਤਾ ਜਾਵੇ। ਵਿਸ਼ਵਾਸ਼ ਦਵਾਇਆ ਜਾਂਦਾ ਹੈ ਕਿ ਕੋਈ ਵੀ ਰੂਲਾਂ ਦੀ ਉਲੰਘਣਾ ਨਹੀਂ ਹੋਣ ਦਿੱਤੀ ਜਾਵੇਗੀ। ਦਰਿਆ ਵਿੱਚੋਂ ਰੇਤਾ ਨਹੀਂ ਚੱਕਾਂਗੇ ਤਾਂ ਦਰਿਆ ਆਪਣਾ ਵਹਾਅ ਬਦਲੇਗਾ, ਜਿਸ ਨਾਲ ਹੜ੍ਹਾ ਆਉਣ ਦੇ ਮੌਕੇ ਜ਼ਿਆਦਾ ਹੋ ਜਾਂਦੇ ਹਨ। ਜੇਕਰ ਮਾਈਨਿੰਗ ਹੋਵੇਗੀ ਤਾਂ ਦਰਿਆ ਦਾ ਵਹਾਅ ਸਿੱਧਾ ਰਹੇਗਾ ਅਤੇ ਜਮੀਨਾਂ ਨੂੰ ਵੀ ਕੋਈ ਨੁਕਸਾਨ ਨਹੀਂ ਹੋਵੇਗਾ।

2. **ਕੈਪਟਨ ਜਗਤਾਰ ਸਿੰਘ ਪੁੱਤਰ ਸ੍ਰੀ ਕਨਹੱਈਆ ਸਿੰਘ, ਵਾਸੀ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਸੜਕ ਦੀ ਲੋਡ ਚੱਕਣ ਦੀ ਕਪੈਸਟੀ 8 ਟਨ ਹੈ ਅਤੇ ਜਦੋਂ ਵੱਡੇ-ਵੱਡੇ ਟਰੱਕ ਲੰਘਦੇ ਹਨ ਤਾਂ ਸੜਕ ਟੁੱਟ ਜਾਂਦੀ ਹੈ। ਮੇਰਾ ਸੁਝਾਅ ਹੈ ਕਿ ਬੰਨ੍ਹ ਦੇ ਉੱਪਰ ਦੀ ਨਵੀਂ ਸੜਕ ਬਣਾ ਕੇ ਨਵਾਂ ਰੂਟ ਬਣਾਇਆ ਜਾਵੇ ਜਿਸ ਨਾਲ ਨਾ ਤਾਂ ਪਿੰਡ ਨੂੰ ਕੋਈ ਦਿੱਕਤ ਆਵੇਗੀ ਅਤੇ ਕੰਮ ਵੀ ਚੱਲਦਾ ਰਹੇਗਾ। ਸੜਕ ਉੱਪਰ ਪਾਣੀ ਪਾਉਣ ਨਾਲ ਸੜਕ ਵਧੇਰੇ ਟੁੱਟਦੀ ਹੈ। ਪਿੰਡ ਦੇ ਵਿਕਾਸ ਦਾ ਧਿਆਨ ਰੱਖਿਆ ਜਾਵੇ ਅਤੇ ਧੁੱਸੀ ਬੰਨ੍ਹਾਂ ਦੀ ਰਿਪੇਅਰ ਕੀਤੀ ਜਾਵੇ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਬੰਨ੍ਹ ਉੱਪਰ ਰੋਡ ਬਣਾਉਣ ਦਾ ਸੁਝਾਅ ਬਹੁਤ ਵਧੀਆ ਹੈ ਅਤੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਪਾਣੀ ਸਿਰਫ ਕੱਚੇ ਰਸਤੇ ਉੱਪਰ ਹੀ ਛਿੜਕਿਆ ਜਾਵੇਗਾ। ਪਿੰਡ ਦੇ ਵਿਕਾਸ ਲਈ ਪਿੰਡ ਵੱਲੋਂ ਲਿਖਤੀ ਰੂਪ ਵਿੱਚ ਸੁਝਾਅ ਦਿੱਤੇ ਜਾਣ, ਕਿਉਂਕਿ ਸਰਕਾਰ ਵੱਲੋਂ ਮਾਈਨਿੰਗ ਵਿੱਚੋਂ District Mineral Fund ਆਉਂਦਾ ਹੈ, ਜਿਸਨੂੰ ਪਿੰਡ ਦੇ ਵਿਕਾਸ ਲਈ ਖਰਚਿਆ ਜਾ ਸਕਦਾ ਹੈ।

**3. ਸ਼੍ਰੀ ਅਮਰਜੀਤ ਸਿੰਘ ਪੁੱਤਰ ਸ਼੍ਰੀ ਮਲਕੀਤ ਸਿੰਘ, ਵਾਸੀ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਕੰਮ ਕਾਫੀ ਸਮੇਂ ਤੋਂ ਬੰਦ ਹੈ ਜੋ ਕਿ ਚੱਲਣਾ ਚਾਹੀਦਾ ਹੈ ਅਤੇ ਇਸ ਨਾਲ ਪਿੰਡ ਦੇ ਬੇਰੁਜ਼ਗਾਰਾਂ ਨੂੰ ਕੰਮ ਮਿਲੇਗਾ। ਟਰੈਕਟਰ ਟਰਾਲੀਆਂ ਅਤੇ ਛੋਟੀਆਂ ਪੋਕਲੇਨਾਂ ਨੂੰ ਇਜ਼ਾਜ਼ਤ ਮਿਲੇ ਅਤੇ ਟਿੱਪਰ ਵੀ ਚੱਲਣੇ ਚਾਹੀਦੇ ਹਨ।

**ਜਵਾਬ:**

ਸੁਝਾਅ ਹੋਣ ਕਰਕੇ ਕੋਈ ਜਵਾਬ ਨਹੀਂ ਦਿੱਤਾ ਗਿਆ।

**4. ਸ਼੍ਰੀ ਜਸਵੰਤ ਸਿੰਘ ਸੰਧੂ, ਵਾਸੀ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਸੜਕ ਦਾ ਹੱਲ ਹੋਣਾ ਚਾਹੀਦਾ ਹੈ, ਕਿਉਂਕਿ ਖੱਡ ਤੋਂ ਬੰਨ੍ਹ ਰਾਹੀਂ ਮੇਨ ਸੜਕ ਬਣਨ ਤੋਂ ਖੱਡ ਜਾ ਰਸਤਾ ਕੇਵਲ 04 ਕਿਲੋਮੀਟਰ ਹੀ ਰਹਿ ਜਾਵੇਗਾ। ਬੰਨ੍ਹ ਤੇ ਪੱਕੀ ਰੋਡ ਪੱਥਰ ਪਾ ਕੇ ਬਣਾਈ ਜਾਵੇ ਜਿਸ ਨਾਲ ਬੰਨ੍ਹ ਮਜ਼ਬੂਤ ਹੋਵੇਗਾ ਤੇ ਸਾਰਾ ਮਸਲਾ ਹੱਲ ਹੋ ਜਾਵੇਗਾ। ਦਰਿਆ ਦੀ ਖਲਾਈ ਜਰੂਰੀ ਹੈ, ਜਿਸ ਨਾਲ ਮਾਈਨਿੰਗ ਕੀਤੀ ਜਾਵੇ।

**ਮਾਣਯੋਗ ਉਪ-ਮੰਡਲ ਮੈਜਿਸਟ੍ਰੇਟ, ਜਗਰਾਓ ਦਾ ਜਵਾਬ:**

ਸੁਝਾਅ ਨੋਟ ਕਰ ਲਿਆ ਹੈ ਜੀ, ਇਸ ਬਾਰੇ ਵਿਚਾਰ ਕੀਤਾ ਜਾਵੇਗਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਕੇ ਪੁੱਛ ਸਕਦਾ ਹੈ, ਪਰ ਕੋਈ ਹੋਰ ਵਿਅਕਤੀ ਅੱਗੇ ਨਹੀ

ਆਇਆ। ਉਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਮੋਜੂਦ ਲੋਕਾਂ ਨੂੰ ਆਪਣੇ ਹੱਥ ਖੜੇ ਕਰਨ ਲਈ ਕਿਹਾ ਗਿਆ ਜੋ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 53 ਵਿਅਕਤੀਆਂ (ਕੁੱਲ ਮੋਜੂਦ ਲੋਕਾਂ ਦਾ 95 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ। 03 ਵਿਅਕਤੀਆਂ ਨੇ ਪ੍ਰੋਜੈਕਟ ਦੇ ਵਿਰੋਧ ਵਿੱਚ ਆਪਣੇ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਵਿੱਚ 56 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਜਨਤਕ ਸੁਣਵਾਈ ਸੁਪਰਵਾਈਜ਼ਰ—ਕਮ—ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| | | |
|---|---|---|
| **(ਰਾਜਵੀਰ ਸਿੰਘ)** | **(ਰਾਜਪਾਲ ਗਿੱਲ)** | **(ਗੁਰਬੀਰ ਸਿੰਘ ਕੋਹਲੀ)** |
| ਫੰਕਸ਼ਨਲ ਮੈਨੇਜਰ,<br>ਜ਼ਿਲ੍ਹਾ ਉਦਯੋਗਿਕ ਸੈਂਟਰ, ਲੁਧਿਆਣਾ। | ਸਹਾਇਕ ਵਾਤਾਵਰਣ ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ —3, ਲੁਧਿਆਣਾ। | ਉਪ-ਮੰਡਲ ਮਜਿਸਟ੍ਰੇਟ,<br>ਜਗਰਾਓ। |